2025167761
1/12

**ਦਫਤਰ ਜਿਲ੍ਹਾ ਮੈਜਿਸਟਰੇਟ, ਬਠਿੰਡਾ**

**(ਫੁਟਕਲ ਸ਼ਾਖਾ-1)**

**ਹੁਕਮ**

**(ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਦੇ ਤਹਿਤ ਜਾਰੀ)**

ਰਾਜ ਚੋਣ ਕਮਿਸ਼ਨ,ਪੰਜਾਬ ਵੱਲੋਂ ਮੀਮੋ ਨੰਬਰ SEC/SAP/ZP-PS/GI/2025/9038 ਮਿਤੀ 28.11.2025 ਰਾਹੀਂ ਸੂਚਿਤ ਕਰਦੇ ਹੋਏ ਕਿ ਪੰਜਾਬ ਰਾਜ ਵਿਚ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰਾਂ ਅਤੇ ਪੰਚਾਇਤ ਸੰਮਤੀ ਦੀਆਂ ਆਮ ਚੋਣਾਂ-2025 ਜੋ ਮਿਤੀ 14-12-2025 ਨੂੰ ਹੋਣ ਜਾ ਰਹੀਆਂ ਹਨ, ਦੇ ਮੱਦੇਨਜ਼ਰ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਸਲਾ ਲਾਇਸੰਸੀਆਂ ਨੂੰ ਆਪਣੇ ਹਥਿਆਰ ਚੁੱਕ ਕੇ ਚੱਲਣ ਤੇ ਪਾਬੰਦੀ ਲਗਾਉਣ ਬਾਰੇ ਹਦਾਇਤ ਜਾਰੀ ਕੀਤੀ ਗਈ ਹੈ।

ਇਸ ਲਈ ਮੈਂ ਪੂਨਮ ਸਿੰਘ, ਪੀ.ਸੀ.ਐੱਸ. ਵਧੀਕ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਜ਼ਿਲ੍ਹਾ ਬਠਿੰਡਾ ਵਿੱਚ ਹੋਣ ਵਾਲੀ ਉਪਰੋਕਤ ਚੋਣ ਪ੍ਰਕੀਰਿਆ ਨੂੰ ਸ਼ਾਂਤੀਪੂਰਵਕ ਤਰੀਕੇ ਨਾਲ ਮੁਕੰਮਲ ਕਰਵਾਉਣ ਅਤੇ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਬਣਾਏ ਰੱਖਣ ਲਈ ਜਿਲ੍ਹਾ ਬਠਿੰਡਾ ਦੇ ਸਾਰੇ ਅਸਲਾ ਲਾਇਸੰਸੀਆਂ ਨੂੰ ਆਪਣੇ ਹਥਿਆਰ ਚੁੱਕ ਕੇ ਚੱਲਣ ਦੀ ਮਨਾਹੀ ਦਾ ਹੁਕਮ ਜਾਰੀ ਕਰਦੀ ਹਾਂ।'

ਇਹ ਹੁਕਮ ਮਿਤੀ 29/11/2025 ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ।

ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਿਜ਼, ਬਾਵਰਦੀ ਪੁਲਿਸ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗਾ ਪ੍ਰੰਤੂ ਚੋਣ ਉਮੀਦਵਾਰਾਂ ਦੇ ਸੁਰੱਖਿਆ ਕਰਮਚਾਰੀ ਪੋਲਿੰਗ ਸਟੇਸ਼ਨਾਂ ਦੇ ਅੰਦਰ ਹਥਿਆਰ ਲੈ ਕਰ ਨਹੀਂ ਜਾ ਸਕਣਗੇ।

ਇਹ ਹੁਕਮ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਦੁਆਰਾ ਲਾਗੂ ਕਰਵਾਇਆ ਜਾਵੇਗਾ। ਇਹ ਹੁਕਮ ਲਾਗੂ ਕਰਨ ਲਈ ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਵੱਲੋਂ ਮੀਡੀਆਂ/ਅਖਬਾਰਾਂ ਰਾਹੀਂ ਆਮ ਪਬਲਿਕ ਨੂੰ ਸੂਚਿਤ ਕਰਨ ਲਈ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇਗਾ ਅਤੇ ਹੁਕਮ [illegible] ਮੈਜਿਸਟਰੇਟਾਂ, ਤਹਿਸੀਲ ਦਫਤਰਾਂ/ਨਗਰ ਕੌਸਲਾਂ/ ਬੀ.ਡੀ.ਪੀ.ਓ. ਦਫਤਰਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 29.11.2025 ਨੂੰ ਮੇਰੇ ਦਸਤਖਤਾਂ ਨਾਲ ਜਾਰੀ ਕੀਤਾ ਜਾਂਦਾ ਹੈ।

P Singh

ਪੂਨਮ ਸਿੰਘ, ਪੀ.ਸੀ.ਐੱਸ.

ਵਧੀਕ ਜ਼ਿਲ੍ਹਾ ਮੈਜਿਸਟਰੇਟ,

ਬਠਿੰਡਾ।

Scanned with CamScanner

ਪਿੰਠ ਅੰਕਣ ਨੰਬਰ 33564-656 /ਫੁਟਕਲ ਮਿਤੀ 29/11/2025

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
3. ਡੀ.ਆਈ.ਜੀ.(ਸੀ.ਆਈ.ਡੀ), ਪੰਜਾਬ, ਚੰਡੀਗੜ੍ਹ
4. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
5. ਜ਼ਿਲ੍ਹਾ ਤੇ ਸੈਸ਼ਨ ਜੱਜ, ਬਠਿੰਡਾ
6. ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ/ ਫਰੀਦਕੋਟ/ ਫਿਰੋਜਪੁਰ / ਜਲੰਧਰ/ ਅੰਮ੍ਰਿਤਸਰ/ ਬਰਨਾਲਾ/ ਕਪੂਰਥਲਾ/ਹੁਸ਼ਿਆਰਪੁਰ/ ਪਟਿਆਲਾ/ ਮਾਨਸਾ/ ਮੁਕਤਸਰ/ ਰੂਪਨਗਰ/ ਨਵਾਂਸ਼ਹਿਰ/ ਫਤਿਹਗੜ੍ਹ ਸਾਹਿਬ/ ਤਰਨਤਾਰਨ/ਲੁਧਿਆਣਾ/ ਮੋਗਾ/ ਪਠਾਨਕੋਟ/ ਫਾਜਿਲਕਾ/ ਮਲੇਰਕੋਟਲਾ/ਸੰਗਰੂਰ/ ਗੁਰਦਾਸਪੁਰ/ ਮੁਹਾਲੀ
7. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
8. ਕਮਿਸ਼ਨਰ, ਨਗਰ ਨਿਗਮ, ਬਠਿੰਡਾ
9. ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਬਠਿੰਡਾ / ਵਧੀਕ ਡਿਪਟੀ ਕਮਿਸ਼ਨਰ (ਜ) ਬਠਿੰਡਾ / ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਬਠਿੰਡਾ / ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
10. ਉਪ ਮੰਡਲ ਮੈਜਿਸਟਰੇਟ, ਬਠਿੰਡਾ/ ਰਾਮਪੁਰਾ ਫੂਲ / ਤਲਵੰਡੀ ਸਾਬੋ / ਮੌੜ
11. ਸਿਵਲ ਸਰਜਨ, ਬਠਿੰਡਾ
12. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ ਪਾਸ ਸਮੇਤ ਸਮੂਹ ਬੀ.ਡੀ.ਪੀ.ਓਜ਼ ਜ਼ਿਲ੍ਹਾ ਬਠਿੰਡਾ
13. ਤਹਿਸੀਲਦਾਰ, ਬਠਿੰਡਾ / ਰਾਮਪੁਰਾ ਫੂਲ / ਤਲਵੰਡੀ ਸਾਬੋ / ਮੌੜ
14. ਨਾਇਬ ਤਹਿਸੀਲਦਾਰ, ਬਠਿੰਡਾ / ਨਥਾਣਾ/ ਸੰਗਤ/ ਗੋਨਿਆਣਾ /ਰਾਮਪੁਰਾ ਫੂਲ / ਭਗਤਾ ਭਾਈਕਾ / ਮੌੜ /ਬਾਲਿਆਂਵਾਲੀ / ਤਲਵੰਡੀ ਸਾਬੋ / ਅਗਰੇਰੀਅਨ, ਬਠਿੰਡਾ / ਮਿਲਟਰੀ ਲੈਂਡ ਐਕੁਜੀਸ਼ਨ, ਬਠਿੰਡਾ
15. ਕਾਰਜ ਸਾਧਕ ਅਫਸਰ, ਨਗਰ ਕੌਂਸਲ ਗੋਨਿਆਣਾ / ਭੁੱਚੋ ਮੰਡੀ / ਸੰਗਤ / ਕੋਟਫੱਤਾ / ਮੌੜ / ਰਾਮਾਂ ਮੰਡੀ / ਰਾਮਪੁਰਾ ਫੂਲ / ਭਾਈਰੂਪਾ / ਤਲਵੰਡੀ ਸਾਬੋ / ਕੋਟਸ਼ਮੀਰ / ਲਹਿਰਾ ਮੁਹੱਬਤ / ਭਗਤਾ ਭਾਈਕਾ / ਮਹਿਰਾਜ / ਮਲੂਕਾ /ਕੋਠਾਗੁਰੂ / ਨਥਾਣਾ
16. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਜਾਵੇ।
17. District Informatics Officer, NIC, ਬਠਿੰਡਾ ਪਾਸ ਹੁਕਮਾਂ ਨੂੰ ਸਰਕਾਰ ਵੈਬ ਸਾਈਟ ਪਰ ਅਪਲੋਡ ਕਰਨ ਹਿੱਤ।
18. ਅਫਸਰ ਇੰਚਾਰਜ, ਲਾਇਸੰਸ ਤੇ ਪਾਸਪੋਰਟ ਸ਼ਾਖਾ/ਪੇਸ਼ੀ ਸਾਖਾ, ਡੀ.ਸੀ. ਦਫਤਰ ਬਠਿੰਡਾ।
18. ਪੀ.ਏ.ਟੂ ਡੀ.ਸੀ./ਪੀ.ਏ. ਟੂ ਏ.ਡੀ.ਸੀ.,ਬਠਿੰਡਾ ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

PSingh
ਵਧੀਕ ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ ਮਿਤੀ

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

01/12/25

ਉਪ ਜਿਲ੍ਹਾ ਸਿਖਿਆ ਅਫਸਰ (ਸੈ.ਸਿ)
ਬਠਿੰਡਾ।

Scanned with CamScanner